# ਸਿਟੀ ਆਫ ਬ੍ਰੈਂਪਟਨ ਦਾ 2022 ਦਾ ਸੜਕਾਂ ਸਾਫ ਕਰਨ ਦਾ ਪ੍ਰੋਗਰਾਮ ਸ਼ੁਰੂ ਹੋ ਗਿਆ ਹੈ

ਬ੍ਰੈਂਪਟਨ, ਓਨਟੈਰੀਓ (11 ਮਈ, 2022) – ਸਿਟੀ ਆਫ ਬ੍ਰੈਂਪਟਨ ਨੇ ਆਪਣਾ 2022 ਦਾ ਸੜਕਾਂ ਸਾਫ ਕਰਨ ਦਾ ਪ੍ਰੋਗਰਾਮ (ਸਟ੍ਰੀਟ ਸਵੀਪਿੰਗ ਪ੍ਰੋਗਰਾਮ) ਸ਼ੁਰੂ ਕਰ ਦਿੱਤਾ ਹੈ। ਰਿਹਾਇਸ਼ ਵਾਲੀਆਂ ਸੜਕਾਂ ਤੇ ਸਫਾਈ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ, ਇੰਡਸਟ੍ਰੀਅਲ ਅਤੇ ਆਰਟੀਰੀਅਲ ਸੜਕਾਂ ਦੀ ਸਫਾਈ ਸ਼ੁਰੂ ਕੀਤੀ ਜਾਵੇਗੀ।

ਸੜਕਾਂ ਅਤੇ ਸੀਵਰਾਂ ਨੂੰ ਸਾਫ ਰੱਖਣ ਵਾਸਤੇ ਬਸੰਤ ਦੇ ਦੌਰਾਨ, ਸਿਟੀ ਦੀਆਂ ਸੜਕਾਂ ਤੋਂ ਰੇਤ ਅਤੇ ਮਲਬਾ ਸਾਫ ਕੀਤਾ ਜਾਂਦਾ ਹੈ। ਇਹ ਮਲਬੇ ਨੂੰ, ਸਟੌਰਮ ਸੀਵਰਾਂ ਵਿੱਚ ਜਾਣ ਤੋਂ ਰੋਕਦਾ ਹੈ ਅਤੇ ਡ੍ਰਾਈਵਰਾਂ ਅਤੇ ਪੈਦਲ ਚੱਲਣ ਵਾਲਿਆਂ ਲਈ ਸੁਰੱਖਿਅਤ ਅਤੇ ਸਾਫ ਸੜਕਾਂ ਪ੍ਰਦਾਨ ਕਰਦਾ ਹੈ। ਬਸੰਤ ਦੇ ਸਫਾਈ ਪ੍ਰੋਗਰਾਮ (ਸਪ੍ਰਿੰਗ ਸਵੀਪਿੰਗ ਪ੍ਰੋਗਰਾਮ) ਵਿੱਚ ਸ਼ਾਮਲ ਹੈ:

- ਸਿਟੀ ਦੀ ਮਾਲਕੀ ਵਾਲੀਆਂ ਸਾਰੀਆਂ ਸੜਕਾਂ ਤੇ ਲੁੱਕ ਦੀ ਉੱਪਰੀ ਪਰਤ, ਪੁਲਾਂ, ਕੈਚ ਬੇਸਿਨਾਂ ਅਤੇ ਗਟਰਾਂ ਸਮੇਤ
- ਸਖਤ-ਸਤ੍ਹਾ ਵਾਲੇ ਬੁਲੇਵਾਰਡ ਅਤੇ ਵਿਚਕਾਰਲੇ ਖੇਤਰ
- ਉਹ ਸਾਈਡਵਾਕਸ ਅਤੇ ਵਾਕਵੇਜ, ਜਿਹਨਾਂ ਤੋਂ ਸਰਦੀ ਦੇ ਦੌਰਾਨ ਸਿਟੀ ਵੱਲੋਂ ਬਰਫ ਹਟਾਈ ਗਈ ਸੀ
- ਸਿਟੀ ਆਫ ਬ੍ਰੈਂਪਟਨ ਦੇ ਰੇਕ੍ਰੀਏਸ਼ਨ ਸੈਂਟਰਾਂ ਅਤੇ ਸਿਟੀ ਦੀਆਂ ਹੋਰ ਫੈਸਿਲਿਟੀਜ ਵਿਖੇ ਪਾਰਕਿੰਗ ਲੌਟਸ
- ਬਿਨਾਂ ਕਰਬਸ ਵਾਲੀਆਂ ਕੰਟ੍ਰੀ ਰੋਡਸ ਨੂੰ ਧੋਇਆ ਅਤੇ/ਜਾਂ ਸਾਫ ਕੀਤਾ ਜਾਂਦਾ ਹੈ, ਜਿਵੇਂ ਲੋੜੀਂਦਾ ਹੋਵੇ
- ਸਾਈਡਵਾਕ ਦੀ ਸਫਾਈ
- ਨਮਕ ਦੇ ਬੌਕਸ ਅਤੇ ਸਨੋ ਫੈਂਸਿੰਗ ਹਟਾਉਣਾ
- ਬੁਲੇਵਾਰਡਾਂ ਨੂੰ ਉੱਚ ਪ੍ਰੈਸ਼ਰ ਨਾਲ ਧੋਣਾ
- ਜ਼ਮੀਨ ਦੇ ਘਾਹ ਨਾਲ ਢਕੇ ਖੇਤਰ ਦੀ ਮੁਰੰਮਤ
- ਸਿਟੀ ਦੇ ਪਾਰਕਸ ਡਿਪਾਰਟਮੈਂਟ (Parks Department) ਦੇ ਨਾਲ ਭਾਈਵਾਲੀ ਵਿੱਚ, ਕੂੜਾ ਲੈ ਕੇ ਜਾਣਾ

ਬਸੰਤ ਦੇ ਸਫਾਈ ਪ੍ਰੋਗਰਾਮ ਦੇ ਦੌਰਾਨ, ਨਿਵਾਸੀਆਂ ਨੂੰ ਯਾਦ ਕਰਾਇਆ ਜਾਂਦਾ ਹੈ ਕਿ:

- ਰਿਹਾਇਸ਼ੀ ਸੜਕਾਂ ਤੇ, ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 7 ਵਜੇ ਤੋਂ ਸ਼ਾਮ 4 ਵਜੇ ਤੱਕ ਵਾਹਨ ਪਾਰਕ ਨਾ ਕਰੋ
- ਯਕੀਨੀ ਬਣਾਓ ਕਿ ਡ੍ਰਾਈਵਵੇਜ ਤੇ ਪਾਰਕ ਕੀਤੇ ਵਾਹਨ, ਸੜਕ ਵੱਲ ਬਾਹਰ ਨਿੱਕਲੇ ਹੋਏ ਨਹੀਂ ਹਨ
- ਕੂੜਾ ਇਕੱਤਰ ਕਰਨ ਵਾਲੇ ਦਿਨਾਂ ਨੂੰ, ਕੂੜੇ ਦੇ ਕੰਟੇਨਰ ਅਤੇ ਰਿਸਾਈਕਲਿੰਗ ਬੌਕਸਾਂ ਨੂੰ ਸੜਕ ਤੋਂ ਦੂਰ ਰੱਖੋ
- ਬਾਸਕੇਟਬਾਲ ਅਤੇ ਹਾਕੀ ਨੈਟਸ ਨੂੰ ਸੜਕ ਤੋਂ ਦੂਰ ਅਤੇ ਕਰਬ ਤੋਂ ਕਾਫੀ ਪਿੱਛੇ ਰੱਖੋ
- ਸਥਿਤੀ ਨੂੰ ਸਮਝੋ। ਜਦੋਂ ਸੜਕ ਦੀ ਸਫਾਈ ਹੋ ਰਹੀ ਹੋਵੇ, ਤਾਂ ਥੋੜ੍ਹਾ ਸ਼ੋਰ ਹੋ ਸਕਦਾ ਹੈ ਅਤੇ ਮਿੱਟੀ ਉੱਡ ਸਕਦੀ ਹੈ
- ਧੀਰਜ ਰੱਖੋ ਕਿਉਂਕਿ ਠੰਡਾ ਅਤੇ ਵਰਖਾ ਵਾਲਾ ਮੌਸਮ, ਸੜਕ ਸਾਫ ਕਰਨ ਵਾਲਿਆਂ ਨੂੰ ਕੰਮ ਕਰਨ ਤੋਂ ਰੋਕਦਾ ਹੈ। ਪ੍ਰੋਗਰਾਮ ਦਾ ਸੰਚਾਲਨ ਕਰਨ ਲਈ, ਤਾਪਮਾਨ ਲਗਾਤਾਰ ਜ਼ੀਰੋ ਤੋਂ ਵੱਧ ਹੋਣਾ ਚਾਹੀਦਾ ਹੈ

ਬਸੰਤ ਦੇ ਸਫਾਈ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ ਅਤੇ ਸਪ੍ਰਿੰਗ ਸਟ੍ਰੀਟ ਸਵੀਪਿੰਗ ਨਕਸ਼ੇ ਲਈ, Brampton.ca ਤੇ ਜਾਓ।

-30-

The Corporation of The City of Brampton
2 Wellington Street West, Brampton, ON L6Y 4R2 311 TTY: 905.874.2130

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca